# ਇਮੀਗ੍ਰੇਸ਼ਨ ਧੋਖਾ-ਧੜੀ ਦੇ ਸ਼ਿਕਾਰ ਨਾ ਬਣੋ

ਜੇ ਤੁਹਾਨੂੰ ਇਮੀਗ੍ਰੇਸ਼ਨ ਕਨੂੰਨ ਬਾਰੇ ਸਲਾਹ ਚਾਹੀਦੀ ਹੈ, **ਤਾਂ ਸਿਰਫ ਕਿਸੇ ਵਕੀਲ ਜਾਂ ਕਿਸੇ ਅਜਿਹੇ ਵਿਅਕਤੀ ਕੋਲ ਜਾਓ ਜੋ ਅਮਰੀਕਾ ਦੇ ਡਿਪਾਰਟਮੈਂਟ ਆਫ ਜਸਟਿਸ (U.S. Department of Justice, DOJ) ਤੋਂ ਪ੍ਰਵਾਨਿਤ ਹੈ ਜਾਂ ਕਿਸੇ ਅਜਿਹੀ ਸੰਸਥਾ ਦੇ ਕੋਲ ਜੋ DOJ ਵੱਲੋਂ ਮਾਨਤਾ-ਪ੍ਰਾਪਤ ਹੈ।** ਤੁਹਾਨੂੰ www.justice.gov/eoir/recognition-accreditation-roster-reports 'ਤੇ ਪ੍ਰਵਾਨਿਤ ਅਤੇ ਮਾਨਤਾ-ਪ੍ਰਾਪਤ ਪ੍ਰਦਾਤਾਵਾਂ ਦੀ ਸੂਚੀ ਮਿਲ ਸਕਦੀ ਹੈ

**ਇਮੀਗ੍ਰੇਸ਼ਨ ਕਾਨੂੰਨ ਜਟਿਲ ਹੁੰਦਾ ਹੈ।** ਧੋਖੇਬਾਜ਼ ਇਮੀਗ੍ਰੇਸ਼ਨ ਪ੍ਰਦਾਤਾਵਾਂ ਤੋਂ ਖ਼ਬਰਦਾਰ ਰਹੋ, ਜੋ ਕੁਝ ਹੋਰ ਕਹਿ ਸਕਦੇ ਹਨ ਅਤੇ ਝੂਠੇ ਵਾਅਦੇ ਕਰ ਸਕਦੇ ਹਨ।

## ਗਲਤ ਵਾਅਦਿਆਂ ਬਾਰੇ ਸਾਵਧਾਨ ਰਹੋ, ਜਿਵੇਂ ਕਿ:

- ਗ੍ਰੀਨ ਕਾਰਡ ਪ੍ਰਾਪਤ ਕਰਨ ਦਾ ਇੱਕ **ਆਸਾਨ** ਤਰੀਕਾ
- **ਤੁਰੰਤ** ਵਰਕ ਪਰਮਿਟ ਜਾਂ ਵੀਜ਼ਾ ਲੈਣ ਦਾ ਤਰੀਕਾ
- ਇਹ ਦੱਸਣ ਬਾਲੇ ਬਿਆਨ **ਕਿ ਕੋਈ ਜੋਖਮ ਜਾਂ ਨਤੀਜੇ ਨਹੀਂ ਹਨ**
- ਇਮੀਗ੍ਰੇਸ਼ਨ ਅਧਿਕਾਰੀਆਂ **ਨਾਲ ਵਿਸ਼ੇਸ਼ ਰਸੂਖ਼** ਦੇ ਦਾਅਵੇ

## ਕੀ ਨਹੀਂ ਕਰਨਾ ਚਾਹੀਦਾ:

- ਸਰਕਾਰੀ ਅਰਜ਼ੀ ਫਾਰਮਾਂ ਲਈ ਅਦਾਇਗੀ **ਨਾ ਕਰੋ** - ਫਾਰਮ ਮੁਫ਼ਤ ਹਨ ਅਤੇ ਔਨਲਾਈਨ www.uscis.gov/forms ਤੋਂ ਡਾਉਨਲੋਡ ਕੀਤੇ ਜਾ ਸਕਦੇ ਹਨ
- ਅਸਲੀ ਦਸਤਾਵੇਜ਼ **ਨਾ ਦਿਓ** - ਇਸ ਦੀ ਬਜਾਏ ਕਾਪੀਆਂ ਦਿਓ
- ਕਿਸੇ ਵੀ ਖਾਲੀ ਜਾਂ ਅਧੂਰੇ ਫਾਰਮਾਂ ਤੇ ਦਸਤਖਤ **ਨਾ ਕਰੋ**
- ਉਹਨਾਂ ਕਾਗਜ਼ਾਂ, ਇਮੀਗ੍ਰੇਸ਼ਨ ਫਾਰਮਾਂ, ਜਾਂ ਇਕਰਾਰਨਾਮਿਆਂ 'ਤੇ ਦਸਤਖਤ **ਨਾ ਕਰੋ**, ਜੋ ਤੁਹਾਨੂੰ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੇ

## ਕੀ ਕਰਨਾ ਹੈ:

- **ਹਮੇਸ਼ਾਂ ਸਵਾਲ ਪੁੱਛੋ** - ਭਾਵੇਂ ਪ੍ਰਦਾਤਾ ਦੀ ਪਰਿਵਾਰ ਦੇ ਕਿਸੇ ਮੈਂਬਰ ਜਾਂ ਦੋਸਤ ਦੁਆਰਾ ਸਿਫਾਰਸ਼ ਕੀਤੀ ਗਈ ਹੋਵੇ; ਤੁਹਾਨੂੰ ਪ੍ਰਦਾਤਾ ਬਾਰੇ ਵਿਸ਼ਵਾਸੀ ਮਹਿਸੂਸ ਕਰਨਾ ਚਾਹੀਦਾ ਹੈ
- **ਇਸ ਬਾਰੇ ਸਬੂਤ ਮੰਗੋ** ਕਿ ਪ੍ਰਦਾਤਾ ਲਾਇਸੰਸਸ਼ੁਦਾ ਅਟਾਰਨੀ ਹੈ ਜਾਂ DOJ ਦੁਆਰਾ ਪ੍ਰਵਾਨਿਤ/ਮਾਨਤਾ-ਪ੍ਰਾਪਤ ਹੈ
- **ਦੂਜੀ ਰਾਏ ਲਵੋ**
- ਸਿਰਫ **ਉਹਨਾਂ ਪ੍ਰਦਾਤਾਵਾਂ ਕੋਲ ਜਾਓ, ਜਿਨ੍ਹਾਂ ਦਾ ਕੋਈ ਭੌਤਿਕ ਟਿਕਾਣਾ ਹੈ**
- **ਮੁਹੱਈਆ ਕਰਾਈਆਂ ਜਾਣ ਵਾਲੀਆਂ ਸੇਵਾਵਾਂ ਲਈ ਇੱਕ ਲਿਖਤੀ ਸਮਝੌਤੇ ਦੀ ਮੰਗ ਕਰੋ,** ਜਿਸ 'ਤੇ ਪ੍ਰਦਾਤਾ ਦੁਆਰਾ ਹਸਤਾਖਰ ਕੀਤੇ ਗਏ ਹੋਏ ਹਨ - ਇਕਰਾਰਨਾਮੇ 'ਤੇ ਦਸਤਖਤ ਕਰਨ ਤੋਂ ਪਹਿਲਾਂ ਇਸਨੂੰ ਪੜ੍ਹੋ, ਅਤੇ ਆਪਣੇ ਰਿਕਾਰਡਾਂ ਲਈ ਦਸਤਖਤ ਕੀਤੀ ਕਾਪੀ ਰੱਖੋ
- ਤੁਹਾਡੇ ਲਈ ਤਿਆਰ ਦਸਤਾਵੇਜ਼ਾਂ **ਦੀਆਂ ਕਾਪੀਆਂ ਪ੍ਰਾਪਤ ਕਰੋ**
- **ਇੱਕ ਲਿਖਤੀ ਰਸੀਦ ਮੰਗੋ,** ਜਿਸ 'ਤੇ ਪ੍ਰਦਾਤਾ ਦਾ ਨਾਮ ਅਤੇ ਪਤਾ ਸ਼ਾਮਲ ਹੋਣ

## ਮਦਦਗਾਰ ਸਰੋਤ:

Mayor's Office of Immigrant Affairs

- ਆਪਣੀ ਭਾਸ਼ਾ ਵਿੱਚ ਮੁਫ਼ਤ ਅਤੇ ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ ਦੀ ਵਰਤੋਂ ਕਰਨ ਲਈ, **311 'ਤੇ ਕਾਲ ਕਰੋ ਅਤੇ "ActionNYC" ਬੋਲੋ**
- ਇਮੀਗ੍ਰੈਂਟਾਂ ਦੇ ਖਿਲਾਫ ਇਮੀਗ੍ਰੇਸ਼ਨ ਧੋਖਾਧੜੀ ਅਤੇ ਸਕੀਮਾਂ ਦੀ ਰਿਪੋਰਟ ਕਰਨ ਲਈ, **ਨਿਊ ਅਮਰੀਕਨ ਲਈ ਨਿਊਯਾਰਕ ਸਟੇਟ ਦਫ਼ਤਰ ਨੂੰ-ਨਿਊ ਅਮਰੀਕਨ ਹੌਟਲਾਈਨ ਨੂੰ 1-800-566-7636 'ਤੇ ਕਾਲ ਕਰੋ**

Rev. 04/2019 [Punjabi]